# ਸਬਦ
## ਭਾਗ-9

'ਹਵਾ' ਅਥਵਾ 'ਵਾਯੂ' ਭਾਵੇਂ ਦਿਸਦੀ ਨਹੀਂ—ਪਰ ਸਾਡੇ ਅੰਦਰ-ਬਾਹਰ, ਹਰ ਥਾਂ, 'ਰਵਿ-ਰਹੀ-ਭਰਪੂਰ' ਹੈ ਅਤੇ ਸਾਡੇ ਜੀਵਨ ਦਾ ਆਧਾਰ ਹੈ। ਇਸ ਤੋਂ ਬਗੈਰ ਅਸੀਂ ਇਕ ਖਿਨ ਭੀ ਨਹੀਂ 'ਜੀ' ਸਕਦੇ। ਪਰ ਫੇਰ ਭੀ ਸਾਨੂੰ ਇਸ ਦੀ ਸਦੀਵੀ ਅੰਦਰ-ਬਾਹਰ ਹੋਂਦ ਦਾ—

ਖਿਆਲ ਨਹੀਂ ਆਉਂਦਾ,
ਅਹਿਸਾਸ ਨਹੀਂ ਹੁੰਦਾ,
'ਯਾਦ' ਨਹੀਂ ਆਉਂਦੀ,
'ਭੁਲ' ਵਿਚ ਹਾਂ,
ਕੀਮਤ ਨਹੀਂ ਪਾਉਂਦੇ,

ਅਤੇ ਇਸੇ 'ਭੁਲ' ਵਿਚ ਹੀ ਸਾਰਾ ਜੀਵਨ ਬਤੀਤ ਹੋ ਜਾਂਦਾ ਹੈ।

ਸਾਨੂੰ ਇਹ 'ਹਵਾ' ਉਦੋਂ ਯਾਦ ਆਉਂਦੀ ਹੈ, ਜਦ ਇਸ ਦੀ ਅਣਹੋਂਦ ਨਾਲ ਸਾਡਾ 'ਸਾਹ ਘੁਟਦਾ' ਹੈ ਯਾ ਇਸ ਦੇ 'ਵੇਗ' ਨੂੰ ਮਹਿਸੂਸ ਕਰਦੇ ਹਾਂ।

ਏਸੇ ਤਰ੍ਹਾਂ, ਭਾਵੇਂ 'ਸਬਦ' ਸਾਡੇ ਅੰਦਰ-ਬਾਹਰ, ਤਾਣੇ-ਪੇਟੇ, 'ਰਵਿ-ਰਹਿਆ'—ਭਰਪੂਰ ਹੈ ਅਤੇ ਸਾਡਾ ਆਤਮਿਕ 'ਜੀਵਨ ਆਧਾਰ' ਹੈ, ਪਰ ਅਸੀਂ ਇਸ ਤੋਂ ਬਿਲਕੁਲ ਅਨਜਾਣ, ਅਗਿਆਨੀ, ਬੇਪ੍ਰਵਾਹ, ਅਵੇਸਲੇ ਅਤੇ 'ਭੁੱਲ' ਵਿਚ ਹਾਂ।

ਇਸ ਦਾ ਕਾਰਣ ਇਹ ਹੈ ਕਿ ਜਨਮਾਂ-ਜਨਮਾਂ ਤੋਂ ਸਾਡੀ ਬਿਰਤੀ, ਬਾਹਰਮੁਖੀ ਹੋਣ ਕਾਰਣ, ਦਿਸਣਹਾਰ ਸੰਸਾਰ ਤੇ ਹੀ ਕੇਂਦਰਿਤ ਹੈ, ਅਤੇ ਅਦ੍ਰਿਸ਼ਟ ਸੂਖਮ ਇਲਾਹੀ ਮੰਡਲ ਦੀਆਂ ਸਚਾਈਆਂ ਤੇ ਯਕੀਨ ਨਹੀਂ ਆਉਂਦਾ। ਅਸੀਂ 'ਰੱਬ' ਨੂੰ ਭੀ ਦਿਸਣਹਾਰ ਰੂਪ ਵਿਚ ਦੇਖਣਾ ਲੋਚਦੇ ਹਾਂ। ਇਸੇ ਲਈ ਇਨਸਾਨਾਂ ਨੇ ਆਪੋ-ਆਪਣੇ ਨਿਸਚਿਆਂ ਅਨੁਸਾਰ, 'ਰੱਬ' ਦੇ ਮਨੋਕਲਪਤ ਮਠ, ਮੰਦਰ, ਬੁੱਤ ਅਤੇ ਤਸਵੀਰਾਂ ਆਦਿ 'ਘੜ' ਕੇ ਬਾਹਰਮੁਖੀ ਦਿਮਾਗੀ ਸ਼ਰਧਾ ਦੀ 'ਪੂਰਤੀ' ਨੂੰ ਹੀ, 'ਧਰਮ' ਯਾ 'ਪਰਮਾਰਥ' ਸਮਝ ਰਖਿਆ ਹੈ, ਅਤੇ ਇਸੇ ਵਿਚ ਹੀ ਸੰਤੁਸ਼ਟ ਅਤੇ ਗਲਤਾਨ ਹਨ। ਇਸ ਤੋਂ ਉਚੇਰੇ ਸੂਖਮ ਅਦ੍ਰਿਸ਼ਟ ਗੈਬੀ

‘ਆਤਮ-ਮੰਡਲ’ ਦੇ ਜਾਨਣ, ਬੁਝਣ ਅਤੇ ਸਮਝਣ ਲਈ ਸਾਨੂੰ —

ਗਿਆਨ ਹੀ ਨਹੀਂ
ਲੋੜ ਹੀ ਨਹੀਂ
ਇਛਾ ਹੀ ਨਹੀਂ
ਉਦਮ ਤਾਂ ਕੀ ਕਰਨਾ ਸੀ।

ਇਸ ਦਾ ਕਾਰਣ ਇਹ ਹੈ, ਕਿ ਅਦ੍ਰਿਸ਼ਟ, ਅਗੋਚਰ, ਜ਼ਾਹਰਾ-ਜ਼ਹੂਰ, ਹਾਜ਼ਰਾ-ਹਜ਼ੂਰ ਅਕਾਲ ਪੁਰਖ ਦੀ ਬਾਬਤ ਸਾਡਾ ਗਿਆਨ —

ਸੁਣਿਆ-ਸੁਣਾਇਆ
ਪੜ੍ਹਿਆ-ਪੜ੍ਹਾਇਆ
ਸਮਝਿਆ-ਸਮਝਾਇਆ

ਸਾਡੀ ਬੁਧੀ ਤਾਂਈਂ ਸੀਮਤ ਹੈ।

ਅਕਾਰ-ਹੀਣ, ਅਦ੍ਰਿਸ਼ਟ, ਅਗੋਚਰ ਅਕਾਲ ਪੁਰਖ ਅਤੇ ਉਸ ਦੇ ਸੂਖਮ ‘ਪ੍ਰਕਾਸ਼-ਰੂਪ’ ‘ਸਬਦ’ ਦਾ ਗਿਆਨ ਸਿਰਫ਼ ਆਤਮਿਕ ‘ਅਨੁਭਵ’ ਦੁਆਰਾ, ਅੰਤਰ-ਆਤਮੇ ਹੀ ਹੋ ਸਕਦਾ ਹੈ, ਅਤੇ ਸੀਮਤ ਬੁੱਧੀ ਦੀ ਪਕੜ ਤੋਂ ਪਰੇ ਹੈ।

ਇਸ ਆਤਮਿਕ ‘ਅਨੁਭਵੀ ਸੋਝੀ’ ਯਾ ‘ਤੱਤ-ਗਿਆਨ’ ਤੋਂ ਬਗੈਰ — ਸਾਡਾ ਗਿਆਨ, ਨਿਸਚਾ, ਸ਼ਰਧਾ ਭਾਵਨੀ ਭੀ —

ਓਪਰੀ
ਬਦਲਵੀਂ
ਅਧੂਰੀ
ਅਪੂਰਨ
ਗਲਤ ਅਤੇ
ਬੇ-ਬੁਨਿਆਦ ਹੀ ਹੈ।

ਇਸੇ ਕਾਰਣ, ਬੇਅੰਤ ਪਾਠ-ਪੂਜਾ, ਕਰਮ-ਕਾਂਡ ਕਰਦਿਆਂ ਹੋਇਆਂ, ਅਤੇ ਬੇਅੰਤ ਧਰਮ ਪ੍ਰਚਾਰ ਦੇ ਹੁੰਦਿਆਂ ਭੀ, ਅਦ੍ਰਿਸ਼ਟ ਅਗੋਚਰ ਅਕਾਲ ਪੁਰਖ ਦੀ ‘ਹੋਂਦ’ ਅਤੇ ਉਸ ਦੀ ‘ਸਰਬੱਗਤਾ’ ਉਤੇ ਸਾਨੂੰ ਯਕੀਨ ਯਾ ਸ਼ਰਧਾ ਨਹੀਂ ਉਪਜਦੀ, ਯਾ ਓਪਰੀ ਜੇਹੀ ਸ਼ਰਧਾ ਹੀ ਹੁੰਦੀ ਹੈ — ਜੋ ਸਾਡੀ ਬੁੱਧੀ ਤਾਂਈ ਹੀ ਸੀਮਤ ਹੁੰਦੀ ਹੈ, ਅਤੇ ਜੀਵਨ-ਖੇਤਰ ਦੀ ‘ਕਸਵੱਟੀ’ ਉਤੇ ਪੂਰੀ ਨਹੀਂ ਉਤਰਦੀ।

ਪਰ ਗੁਰਬਾਣੀ ਸਾਨੂੰ ਦਸਦੀ ਹੈ ਕਿ ਸਾਡਾ ‘ਗੁਰੂ’ ਅਥਵਾ ‘ਸਤਿਗੁਰੂ’ —

ਦੇਹਧਾਰੀ ਨਹੀਂ
'ਇਕ-ਦੇਸੀ' ਨਹੀਂ
'ਇਕ ਜਾਤੀ' ਨਹੀਂ
ਇਕ 'ਰੰਗੀ' ਨਹੀਂ
ਇਕ 'ਨਾਮੀ' ਨਹੀਂ
'ਤਸਵੀਰ' ਵਾਲਾ ਨਹੀਂ
'ਬੁੱਤਾਂ' ਵਾਲਾ ਨਹੀਂ
'ਮਰਨ-ਜੀਵਨ' ਵਿਚ ਨਹੀਂ
'ਸੁੰਡ' ਵਾਲਾ ਨਹੀਂ
'ਦਹਿਸਿਰਾ' ਨਹੀਂ
'ਭਿਆਨਕ-ਰੂਪ' ਨਹੀਂ
'ਦੂਰ' ਨਹੀਂ।

ਦੇਹਧਾਰੀ 'ਗੁਰੂ', ਅਵਤਾਰ ਤਾਂ ਅਨੇਕਾਂ ਆਏ ਤੇ ਗਏ—ਪਰ 'ਪ੍ਰਕਾਸ਼-ਰੂਪੀ' 'ਸ਼ਬਦ-ਗੁਰੂ' ਤਾਂ—

'ਇਕ' ਹੈ
'ਸਚ' ਹੈ
'ਪੂਰਾ' ਹੈ
'ਅਬਿਨਾਸੀ' ਹੈ
'ਆਦਿ ਅੰਤਿ ਏਕੈ ਅਵਤਾਰਾ' ਹੈ
'ਨਾਲ ਹੋਵੰਦਾ' ਹੈ
'ਸਦਾ ਅੰਗ ਸੰਗੇ' ਹੈ
'ਹਾਥ ਪੈ ਨੇਰੈ' ਹੈ
'ਅੰਗ ਸੰਗ ਮੌਲਾ' ਹੈ
'ਅੰਗ ਸੰਗ ਸੁਖਦਾਈ' ਹੈ
'ਰਖੈ ਜੀਅ ਨਾਲੇ' ਹੈ
'ਓਤ-ਪੋਤ ਲਪਟਾਏ' ਹੈ
'ਸਰਬ ਰਹਿਆ ਭਰਪੂਰ' ਹੈ
'ਜ਼ਾਹਰਾ ਜ਼ਹੂਰ' ਹੈ
'ਹਾਜ਼ਰਾ ਹਜ਼ੂਰ' ਹੈ

‘ਲਾਡ ਲਡਾਉਂਦਾ’ ਹੈ
‘ਖੇਲ ਖਿਲਾਉਂਦਾ’ ਹੈ
‘ਪ੍ਰੇਮ ਸਹਿਤ ਗਲ ਲਾਉਂਦਾ’ ਹੈ
‘ਪ੍ਰਤਿਪਾਲੇ’ ਹੈ
‘ਨਿਤ ਸਾਰ ਸਮਾਲੇ’ ਹੈ
‘ਅਨਦ-ਬਿਨੋਦੀ’ ਹੈ
‘ਮਿਠ ਬੋਲੜਾ’ ਹੈ
‘ਪ੍ਰੇਮ ਪੁਰਖ’ ਹੈ
‘ਅਤਿ ਪ੍ਰੀਤਮ’ ਹੈ।

ਇਸ ਤੋਂ ਉਲਟ, ਮਨੋਕਲਪਤ ‘ਬੁਤ’, ‘ਤਸਵੀਰਾਂ’ ਅਤੇ ‘ਦੇਹ-ਧਾਰੀ ਗੁਰੂ’ ਗੁਰਬਾਣੀ ਦੀ ਉਪਰ ਦਰਸਾਈ ਗਈ ‘ਕਸਵੱਟੀ’ ਤੇ ਪੂਰੇ ਨਹੀਂ ਉਤਰਦੇ—ਕਿਉਂਕਿ ਉਹ—

ਅੱਖਾਂ ਤੋਂ ਓਹਲੇ ਹੋ ਜਾਂਦੇ ਹਨ
ਸਦਾ ਨਾਲ ਨਹੀਂ ਹੋ ਸਕਦੇ
‘ਬਦਲ’ ਜਾਂਦੇ ਹਨ
‘ਬਿਨਸਨਹਾਰ’ ਹਨ
‘ਪੂਰਨ’ ਨਹੀਂ ਹੋ ਸਕਦੇ
‘ਸਰਬੱਗ’ ਨਹੀਂ ਹਨ
‘ਰਵਿ-ਰਹਿਆ-ਭਰਪੂਰ’ ਨਹੀਂ ਹੁੰਦੇ।

ਇਸ ਲਈ ਗੁਰਬਾਣੀ ਦੀ ਰੋਸ਼ਨੀ ਅਨੁਸਾਰ—ਐਸਾ ‘ਸਰਬ-ਰਹਿਆ-ਭਰਪੂਰ’ ‘ਗੁਰੂ’ ਤਾਂ ਸਿਰਫ਼ ‘ਸਬਦ’ ਹੀ ਹੋ ਸਕਦਾ ਹੈ—

ਸਚਾ ਸਤਿਗੁਰੁ ਸਬਦੁ ਅਪਾਰਾ॥
ਤਿਸ ਦੈ ਸਬਦਿ ਨਿਸਤਰੈ ਸੰਸਾਰਾ॥ (ਪੰਨਾ-1055)

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰ.-635)

ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥ (ਪੰਨਾ-162)

ਜਹ ਕਹ ਤਹ ਭਰਪੂ ਰੁ ਸਬਦੁ ਦੀਪਕਿ ਦੀਪਾਯਉ॥ (ਪੰਨਾ-1395)

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥ (ਪੰ.-1315)

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (ਪੰਨਾ-646)

ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ। (ਵਾ. ਭਾ. ਗੁ. 26/2)

ਅਤੇ ਇਹ 'ਸਬਦੁ-ਰੂਪ' 'ਗੁਰੂ' ਸਦਾ ਲਈ, ਜੁਗੋ-ਜੁਗ, ਇਕੋ-ਇਕ 'ਅਵਤਾਰਾ' ਹੈ।

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ (ਚੌਪਈ ਪਾ: 10)

ਏਸੇ ਕਰਕੇ ਗੁਰਬਾਣੀ—ਐਸੇ ਸਤਿਗੁਰੂ ਦੀ ਖੋਜ ਦੀ ਸਿਫਾਰਿਸ਼ ਕਰਦੀ ਹੈ—

ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ॥
ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ॥ (ਪੰਨਾ-1089)

ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ॥
ਅਕਥੁ ਕਥਾਵੈ ਸਬਦਿ ਮਿਲਾਵੈ॥ (ਪੰਨਾ-686)

ਐਸੇ ਸਤਿਗੁਰੂ ਦੇ 'ਦਰਸ਼ਨ' ਯਾ 'ਮਿਲਾਪ' ਦੀ ਜੁਗਤੀ, ਗੁਰਬਾਣੀ ਵਿਚ ਸਿਰਫ਼ ਸਬਦ ਦੀ ਕਮਾਈ, ਅਥਵਾ 'ਸਬਦ-ਸੁਰਤ' ਦੁਆਰਾ 'ਨਾਮ-ਸਿਮਰਨ' ਹੀ ਦਸੀ ਗਈ ਹੈ—

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥ (ਪੰਨਾ-509)

ਪੂਰੈ ਸਬਦਿ ਪ੍ਰਭੁ ਮਿਲਿਆ ਆਈ॥ (ਪੰਨਾ-514)

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥ (ਪੰਨਾ-644)

ਊਚੀ ਪਦਵੀ ਊਚੋ ਊਚਾ, ਨਿਰਮਲ ਸਬਦੁ ਕਮਾਇਆ॥ (ਪੰਨਾ-1041)

ਇਹ 'ਸਬਦ-ਸੁਰਤ' ਦੀ ਕਮਾਈ ਸਿਰਫ਼ ਸਾਧ-ਸੰਗਤ ਵਿਚ ਹੀ ਹੋ ਸਕਦੀ ਹੈ—

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥ (ਪੰਨਾ-262)

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ॥ (ਪੰਨਾ-717)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥ (ਪੰਨਾ-817)

ਸਾਧਸੰਗਤਿ ਗੁਰ ਸਬਦ ਸੁਰੱਤੀ। (ਵਾ. ਭਾ. ਗੁ. 7/6)

ਸਾਧਸੰਗਤਿ ਗੁਰ ਸਬਦੁ ਕਮਾਈ। (ਵਾ. ਭਾ. ਗੁ. 16/1)

ਸਾਧਸੰਗਤਿ ਗੁਰੁ ਸਬਦ ਵਿਲੋਵੈ। (ਵਾ. ਭਾ. ਗੁ. 28/9)

ਸਾਧਸੰਗਤਿ ਗੁਰੁ ਸਬਦੁ ਵਸੰਦਾ। (ਵਾ. ਭਾ. ਗੁ. 16/3)

ਦੂਜੇ ਲਫਜਾਂ ਵਿਚ, 'ਸਬਦ-ਸੁਰਤ' ਦੀ ਕਮਾਈ, ਅਥਵਾ ਅੰਤ੍ਰ-ਮੁਖੀ 'ਨਾਮ ਅਭਿਆਸ' ਕਮਾਈ ਯਾ 'ਸਿਮਰਨ' ਦੁਆਰਾ ਹੀ :—

ਅਗਿਆਨਤਾ ਦਾ 'ਹਨੇਰ' ਦੂਰ ਹੁੰਦਾ ਹੈ।
'ਭਰਮ' ਮਿਟਦੇ ਹਨ।
'ਬਜਰ ਕਪਾਟ' ਖੁਲ੍ਹਦੇ ਹਨ।
ਹਉਮੈ ਦੂਰ ਹੁੰਦੀ ਹੈ।
ਪ੍ਰਭੂ ਦੇ ਦਰਸ਼ਨ ਹੁੰਦੇ ਹਨ।
ਪ੍ਰਭੂ ਨਾਲ ਮੇਲ ਹੁੰਦਾ ਹੈ।
'ਗੋਬਿੰਦ ਗੱਜਦਾ' ਹੈ।
ਅਨਾਹਦ 'ਰੁਣ-ਝੁਣ' ਮਹਿਸੂਸ ਹੁੰਦੀ ਹੈ।
'ਅਨਹਦ-ਧੁਨੀ' ਸੁਣਦੀ ਹੈ।
'ਅਸਚਰਜ ਮਹਾਂਰਸ' ਦਾ ਸੁਆਦ ਆਉਂਦਾ ਹੈ।
ਮਨ 'ਅਲਮਸਤ ਮਤਵਾਰਾ' ਹੋ ਜਾਂਦਾ ਹੈ।
ਮਨ ਇਲਾਹੀ 'ਨਾਮ-ਖੁਮਾਰੀ' ਮਾਣਦਾ ਹੈ।
ਜੀਵਨ ਸਫਲ ਹੁੰਦਾ ਹੈ।

ਸੁਪਨਿਆਂ ਵਿਚ ਕਦੇ ਕਦਾਈਂ ਭਿੰਨ-ਭਿੰਨ ਕ੍ਰਿਸ਼ਮੇ, ਦ੍ਰਿਸ਼ਟਾਂਤ, 'ਦਰਸ਼ਨ' 'ਕੌਤਕ' ਆਦਿ ਦਿਖਾਈ ਦਿੰਦੇ ਹਨ, ਜਿਸ ਨੂੰ ਅਸੀਂ ਇਲਾਹੀ ਦੇਸ ਦੇ ਲਿਸ਼ਕਾਰੇ ਯਾ ਅਕਾਲ ਪੁਰਖ ਯਾ ਸਤਿਗੁਰੂ ਦੇ 'ਦਰਸ਼ਨ' ਸਮਝ ਕੇ, ਫੁੱਲੇ ਨਹੀਂ ਸਮਾਉਂਦੇ! ਇਹ ਦ੍ਰਿਸ਼ਟਾਂਤ ਯਾ 'ਦਰਸ਼ਨ' ਸਾਡੇ ਮਨ, ਬੁੱਧੀ, ਅੰਤਿਸ਼ਕਰਨ ਵਿਚ ਜਮ੍ਹਾਂ ਹੋਏ ਮਨੋਕਲਪਤ ਖਿਆਲਾਂ ਯਾ ਨਿਸਚਿਆਂ ਦਾ 'ਅਚੇਤ ਅਕਸ' ਦਾ 'ਝਲਕਾਰਾ' ਯਾ ਪ੍ਰਗਟਾਵਾ ਹੀ ਹੁੰਦਾ ਹੈ।

ਜੇਕਰ ਮਨੋਕਲਪਤ ਖਿਆਲਾਂ ਅਨੁਸਾਰ ਭਿੰਨ-ਭਿੰਨ 'ਕ੍ਰਿਸ਼ਮੇ' ਹੀ ਸੱਚੀ-ਮੁੱਚੀ ਸਤਿਗੁਰੂ ਦੇ ਪ੍ਰਤੱਖ ਦਰਸ਼ਨ ਹੋਣ ਤਾਂ ਸਾਡਾ ਜੀਵਨ ਫੌਰਨ 'ਮਨਮੁਖਤਾਈ' ਤੋਂ ਬਦਲ ਕੇ 'ਗੁਰਮੁਖਤਾਈ' ਵਾਲਾ ਹੋ ਜਾਣਾ ਚਾਹੀਦਾ ਹੈ, ਅਤੇ ਜੀਵਨ ਦੀ ਪੁਰਾਣੀ 'ਰੋੜ੍ਹ' ਉਲਟ ਕੇ 'ਆਤਮ ਪ੍ਰਾਇਣ' ਹੋ ਜਾਣੀ ਚਾਹੀਦੀ ਹੈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ-594)

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ॥ (ਪੰਨਾ-836)

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ। (ਕਾ. ਭਾ. ਗੁ. 9)

ਸ਼ਰਾਬ ਦਾ 'ਪੈਗ' (peg) ਪੀਣ ਨਾਲ — ਤਨ, ਮਨ, ਬੁੱਧੀ ਉਤੇ ਕੋਈ ਅਨੋਖਾ ਅਸਰ ਹੁੰਦਾ ਹੈ, ਜਿਹਾ ਕਿ —

ਸੂਰ
ਖੁਸ਼ੀ
ਚਾਉ
ਜੋਸ਼

ਆਦਿ, ਜੋ ਸ਼ਰਾਬੀ ਦੀ —

ਸੋਚਨੀ
ਤਕਣੀ
ਆਵਾਜ਼
ਹਰਕਤ
ਅਦਾਵਾਂ
ਵਰਤਾਵਾ
ਖਾਣ-ਪੀਣ
ਸੌਣ-ਜਾਗਣ

ਅਥਵਾ, ਜੀਵਨ ਦੇ ਹਰ 'ਪੱਖ', ਵਿਚ ਆਪ-ਮੁਹਾਰੇ ਪ੍ਰਗਟ ਹੁੰਦਾ ਹੈ। ਪਰ, ਇਹ ਹਾਲਤ ਉਦੋਂ ਤਾਈਂ ਕਾਇਮ ਰਹਿੰਦੀ ਹੈ ਜਦ ਤਾਈਂ 'ਸੂਰ' ਚੜ੍ਹਿਆ ਰਹੇ। ਜਦ 'ਸੂਰ' ਉਤਰ ਜਾਵੇ, ਤਾਂ ਫਿਰ ਸ਼ਰਾਬੀ ਆਪਣੀ ਪਹਿਲੀ ਹਾਲਤ ਵਿਚ ਆ ਜਾਂਦਾ ਹੈ।

ਐਨ ਏਸੇ ਤਰ੍ਹਾਂ ਜਦ ਗੁਰਮੁਖ ਪਿਆਰੇ 'ਸਬਦ-ਸੁਰਤ' ਦੀ ਕਮਾਈ ਅਥਵਾ ਸਿਮਰਨ ਕਰਦੇ ਹਨ, ਤਾਂ ਸਤਿਗੁਰੂ ਦੀ ਬਖਸ਼ਿਸ਼ ਦੁਆਰਾ — ਉਹਨਾਂ ਦਾ ਅੰਤ੍ਰ-ਆਤਮੇ —

ਮਨ ਇਕਾਗਰ ਹੋ ਜਾਂਦਾ ਹੈ
ਸਬਦ-ਸੁਰਤ ਦਾ 'ਮੇਲ' ਹੁੰਦਾ ਹੈ
ਆਤਮਿਕ 'ਖਿੱਚ' ਖਾਂਦਾ ਹੈ
ਸਬਦ ਵਿਚ 'ਲਿਵ ਲੀਨ' ਹੁੰਦਾ ਹੈ
'ਰੁਣ-ਝੁਣ' ਛਿੜਦੀ ਹੈ
ਆਤਮਿਕ 'ਕਲਾ' ਵਰਤਦੀ ਹੈ
'ਅਨਹਦ-ਧੁਨੀ' ਸੁਣਦੀ ਹੈ

'ਅਣਮੜਿਆ ਮੰਦਲ' ਵੱਜਦਾ ਹੈ
'ਬਿਨ ਸਾਵਣ ਘਨਹਰ' ਗੱਜਦਾ ਹੈ
'ਝਿਮ-ਝਿਮ ਵਰਸੈ ਅਮ੍ਰਿਤਧਾਰਾ' ਹੁੰਦਾ ਹੈ
'ਪ੍ਰਿਮ-ਪਿਆਲਾ' ਪੀਂਦਾ ਹੈ
ਪ੍ਰਿਮ-ਰਸ ਦਾ ਅਸਚਰਜ ਸਵਾਦ ਮਾਣਦਾ ਹੈ
'ਨਾਮ' ਦਾ ਸੋਮਾ ਫੁਟਦਾ ਹੈ
'ਅੰਮ੍ਰਿਤ-ਭੋਜਨ' ਛਕਦਾ ਹੈ
'ਨਿਜ-ਘਰ' ਵਾਸਾ ਹੁੰਦਾ ਹੈ
'ਗੋਬਿੰਦ-ਗੱਜਦਾ' ਹੈ
ਅਨੰਤ ਆਨੰਦ ਮਾਣਦਾ ਹੈ
'ਨਾਮ-ਖੁਮਾਰੀ' ਚੜ੍ਹਦੀ ਹੈ

ਆਦਿ, ਅਨੇਕਾਂ ਆਤਮਿਕ ਗੁਣਾਂ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣਦਾ ਹੈ।

ਇਹ 'ਨਾਮ-ਖੁਮਾਰੀ'—ਫੇਰ ਉਤਰਦੀ ਨਹੀਂ, ਕਿਉਂਕਿ ਗੁਰਮੁਖ ਜਨ, 'ਸਬਦ-ਸੁਰਤ' ਵਿਚ ਲਿਵਲੀਨ ਹੋਕੇ, ਦਿਨ-ਰਾਤ ਆਤਮਿਕ 'ਪ੍ਰਿਮ-ਪਿਆਲੇ' ਦਾ 'ਅਮਿਓ-ਰਸ' ਪੀ-ਪੀ ਕੇ ਅਲਮਸਤ ਮਤਵਾਰੇ ਅਥਵਾ 'ਖੀਵੇ' ਹੋਏ ਰਹਿੰਦੇ ਹਨ। ਇਸ 'ਗੁਰਮੁਖ ਅਵਸਥਾ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ—

ਹਰਿ ਰਸੁ ਪੀਵਤ ਸਦ ਹੀ ਰਾਤਾ॥ ਆਨ ਰਸਾ ਖਿਨ ਮਹਿ ਲਹਿ ਜਾਤਾ॥....
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥ (ਪੰਨਾ-377)

ਤੇਰਾ ਜਨੁ ਰਾਮ ਰਸਾਇਣਿ ਮਾਤਾ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ (ਪੰਨਾ-532)

ਰਾਮ ਰਸਾਇਣਿ ਜੋ ਜਨ ਗੀਧੇ॥
ਚਰਨ ਕਮਲ ਪ੍ਰੇਮ ਭਗਤੀ ਬੀਧੇ॥ (ਪੰਨਾ-198)

ਗੁਰਮੁਖਾਂ ਦੀ ਇਹ ਅਲੌਕਿਕ ਆਤਮਿਕ ਅਵਸਥਾ ਗੁੱਝੀ-ਛਿਪੀ ਨਹੀਂ ਰਹਿ ਸਕਦੀ, ਕਿਉਂਕਿ ਉਹਨਾਂ ਦੀਆਂ—

ਅਖਾਂ ਦੀ 'ਬਿਨੋਦੀ'
ਤਕਣੀ ਦਾ 'ਤੇਜ਼'
ਚਿਹਰੇ ਦਾ 'ਠਰ੍ਹੰਮਾ'
ਚਿਹਰੇ ਦਾ 'ਖਿੜਾਓ'

ਮੱਥੇ ਦੀ 'ਚਮਕ'
ਬੋਲੀ ਦੀ 'ਮਿਠਾਸ'
ਬਚਨਾਂ ਦੀ 'ਦਾਮਨਿਕ ਸ਼ਕਤੀ'
ਮਨ ਦੀ ਸ਼ਾਂਤੀ
'ਦਇਆ-ਖਿਮਾ' ਵਾਲਾ ਵਰਤਾਰਾ
ਪਿਆਰ ਦੀ 'ਅਕ੍ਰਿਖਨ ਖਿੱਚ'
ਪ੍ਰਿਮ-ਪਿਆਲੇ ਦੀ 'ਮਸਤੀ'
ਨਾਮ ਦੀ 'ਖੁਮਾਰੀ'

ਆਦਿ, ਅਨੇਕਾਂ ਆਤਮਿਕ ਗੁਣਾਂ ਵਾਲੇ 'ਦੈਵੀ-ਜੀਵਨ' ਦੀ 'ਬੈਰਾਗੀ-ਅਵਸਥਾ' ਦਾ, ਉਹਨਾਂ ਦੀ ਹਰ 'ਤਕਣੀ', 'ਬੋਲ', 'ਹਰਕਤ' ਅਤੇ 'ਸੋਚ' ਵਿਚੋਂ, ਫੁਲ ਦੀ 'ਖੁਸ਼ਬੋ' ਵਾਂਗ ਸੁਤੇ-ਸਿੱਧ ਪ੍ਰਗਟਾਵਾ ਹੁੰਦਾ ਰਹਿੰਦਾ ਹੈ।

ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥ (ਪੰਨਾ-608)

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥ (ਪੰ.-659)

ਇਸ ਤਰ੍ਹਾਂ, ਗੁਰਮੁਖ ਜਨ ਦੀ 'ਰੂਹ', 'ਸਰਬ-ਰਹਿਆ-ਭਰਪੂਰ' 'ਸਬਦ' ਦੇ 'ਆਤਮਿਕ ਪ੍ਰਕਾਸ਼' ਦੇ ਅਕਾਸ਼ਾਂ ਵਿਚ—

ਉਡਾਰੀਆਂ ਲਾਉਂਦੀ
ਤਾਰੀਆਂ ਲਾਉਂਦੀ
ਜੀਂਦੀ
ਥੀਂਦੀ
ਵਸਦੀ
ਮੌਲਦੀ
ਤੁਣਕੇ ਖਾਂਦੀ
ਹਸਦੀ-ਖੇਲਦੀ
ਲਾਡ ਲਡਾਉਂਦੀ

ਅਨੰਤ ਇਲਾਹੀ ਰਸ, ਰੰਗ, ਸਵਾਦ ਅਤੇ ਪ੍ਰੇਮ-ਸਵੈਪਨਾ ਮਾਣਦੀ ਰਹਿੰਦੀ ਹੈ।

ਇਹੋ 'ਗੁਰਮੁਖ ਜਨ' ਦਾ—

ਧਰਮ
ਕਰਮ
ਗਿਆਨ
ਪਾਠ–ਪੂਜਾ
ਪ੍ਰਮਾਰਥ
ਭਜਨ
ਜੀਵਨ
ਕਲਿਆਨ ਹੈ।

ਇਸ ਇਲਾਹੀ 'ਪ੍ਰੇਮ–ਸਵੈਪਨਾ' ਦੇ ਆਤਮ ਪ੍ਰਕਾਸ਼ ਵਿਚੋਂ 'ਨਿਕਲਣਾ' ਹੀ, ਉਸ ਦੀ ਆਤਮਿਕ 'ਮੌਤ' ਹੈ।

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥ (ਪੰਨਾ–25)

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ॥ (ਪੰਨਾ–562)

ਗੁਰਮੁਖ ਜਨ ਦੀ ਇਸ—

ਆਤਮਿਕ 'ਖੁਸ਼ਬੋ'
ਰਹਿਣੀ–ਬਹਿਣੀ
ਡੁੱਲ–ਡੁੱਲ ਪੈਂਦਾ 'ਪਿਆਰ'
ਪਿਆਰ 'ਤੱਕਣੀ'
ਦਾਮਨਿਕ 'ਛੋਹ'
ਪ੍ਰੇਮ–ਸਵੈਪਨਾ ਦੀਆਂ ਲਿਸ਼ਕਾਂ
ਸਬਦ–ਪ੍ਰਕਾਸ਼ ਦੀ ਲਿਸ਼ਕ
ਦੈਵੀ ਸ਼ੁਭ ਭਾਵਨਾਵਾਂ
ਦਾਮਨਿਕ ਜੀਵਨ
ਚੁੰਬਕੀ ਖਿਚ

ਨਾਲ, ਬੇਅੰਤ ਹੋਰ ਅਭਿਲਾਖੀ ਜੀਵਾਂ ਦਾ ਭਲਾ ਹੋ ਜਾਂਦਾ ਹੈ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥ (ਪੰਨਾ–608)

ਸਾਧ ਕੈ ਸੰਗਿ ਨਹੀ ਕਛੁ ਘਾਲ॥

ਦਰਸਨੁ ਭੇਟਤ ਹੋਤ ਨਿਹਾਲ॥ (ਪੰਨਾ-272)

ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥
ਦੇਹੀ ਕਿਸ ਕੀ ਬਾਪੁਰੀ ਪਵਿਤ੍ਰੂ ਹੋਇਗੋ ਗ੍ਰਾਮੁ॥ (ਪੰਨਾ-1370)

ਗੁਰਬਾਣੀ ਵਿਚ 'ਸਬਦ' ਅੱਖਰ ਬੇਅੰਤ ਵਾਰੀ, ਇਸ ਦੇ ਸੂਖਮ ਅੰਤ੍ਰੀਵ ਆਤਮਿਕ ਭਾਵਾਂ ਨੂੰ ਦਰਸਾਉਣ ਲਈ ਵਰਤਿਆ ਗਿਆ ਹੈ।

ਬਾਹਰਮੁਖੀ ਬਿਰਤੀ ਹੋਣ ਕਾਰਣ—ਅਸੀਂ 'ਸਬਦ' ਦੇ ਅੱਖਰੀ ਸਰੂਪ ਦੇ ਦਿਮਾਗੀ ਓਪਰੇ ਜਿਹੇ ਅਰਥਾਂ ਤੋਂ ਹੀ ਜਾਣੂ ਹਾਂ, ਅਤੇ ਇਸ ਦੇ ਸੂਖਮ ਅੰਤ੍ਰੀਵ ਅਨੁਭਵੀ ਆਤਮਿਕ ਭਾਵਾਂ ਤੋਂ—

ਅਨਜਾਣ ਹਾਂ
ਅਗਿਆਨੀ ਹਾਂ
ਬੇ-ਪ੍ਰਵਾਹ ਹਾਂ
ਅਵੇਸਲੇ ਹਾਂ

ਜਿਸ ਕਾਰਣ ਅਸੀਂ 'ਸਬਦ' ਦੇ ਅਨੁਭਵੀ 'ਤੱਤ-ਗਿਆਨ', ਅੰਤ੍ਰੀਵ ਭਾਵਨਾ ਅਤੇ ਗੁੱਝੇ ਆਤਮਿਕ ਭੇਦਾਂ ਨੂੰ ਬੁੱਝ, ਸੀਝ, ਪਹਿਚਾਨ ਨਹੀਂ ਸਕੇ। ਇਸੇ ਲਈ 'ਸਬਦ' ਦੇ ਆਤਮਿਕ ਲਾਹੇ ਫਲ, ਨਤੀਜੇ ਅਤੇ ਬਰਕਤਾਂ ਤੋਂ ਅਸੀਂ ਵਾਂਝੇ ਰਹਿੰਦੇ ਹਾਂ।

ਇਸੇ ਕਾਰਣ, ਆਮ ਸੰਗਤਾਂ ਵਿਚ 'ਸਬਦ' ਦੀ ਬਾਬਤ ਅਤਿਅੰਤ ਭੁਲੇਖੇ ਪਏ ਹੋਏ ਹਨ, ਜੋ ਬੇ-ਲੋੜੇ ਵਾਦ-ਵਿਵਾਦ ਦਾ ਕਾਰਣ ਬਣਦੇ ਹਨ।

'ਸਬਦ'
'ਗੁਰ-ਸਬਦ'
'ਤਤ-ਸਬਦ'
'ਇਕ-ਸਬਦ'
'ਸਚ-ਸਬਦ'
'ਅਨਹਦ-ਸਬਦ'
'ਪੰਚ-ਸਬਦ'

ਦੇ ਅੰਤ੍ਰੀਵ ਅਨੁਭਵੀ ਗੁੱਝੇ ਆਤਮਿਕ 'ਭੇਦਾਂ' ਅਤੇ 'ਭਾਵਾਂ' ਨੂੰ ਸਰਲ ਬੋਲੀ ਵਿਚ ਦਰਸਾਉਣ ਦਾ ਉਦਮ ਕੀਤਾ ਗਿਆ ਹੈ।

ਇਹ 'ਸ-ਬ-ਦ' ਸਿਰਫ਼—

ਮੁਰਦਾ ਅਖਰ ਹੀ ਨਹੀਂ,
ਬੋਲੀ ਦੇ ਲਫ਼ਜ਼ ਹੀ ਨਹੀਂ,
ਖਿਆਲਾਂ ਦਾ ਸੰਕੇਤ ਹੀ ਨਹੀਂ,
ਵਲਵਲਿਆਂ ਦੇ ਪ੍ਰਗਟਾਵੇ ਦਾ ਸਾਧਨ ਹੀ ਨਹੀਂ,
ਭਾਵਨਾਵਾਂ ਦਾ 'ਚਿਤ੍ਰ' ਹੀ ਨਹੀਂ,

ਬਲਕਿ, ਇਹਨਾਂ ਸਥੂਲ ਦਿਸਣਹਾਰ ਅੱਖਰਾਂ ਦੇ 'ਅੰਤ੍ਰ-ਗਤ' ਕੋਈ ਅਲੌਕਿਕ—

'ਥਰ-ਥਰਾਉਂਦੀ'
'ਲਰ-ਜਰਾਉਂਦੀ'
'ਰੁਣ-ਝੁਣ' ਛੇੜਦੀ
'ਲਹਿਰਾਂ' ਮਾਰਦੀ
'ਲੁਕ-ਮਚਾਈ' ਖੇਲਦੀ
'ਕਲੋਲਾਂ' ਕਰਦੀ
'ਪ੍ਰੇਮ-ਗਲਵਕੜੀਆਂ' ਪਾਉਂਦੀ
'ਲਾਡ-ਲਡਾਉਂਦੀ'
'ਖੇਲ-ਖਿਲਾਉਂਦੀ'
'ਅਨਹਦ-ਧੁਨੀ' ਵਜਾਉਂਦੀ
'ਪ੍ਰੇਮ-ਪਿਆਲਾ' ਪਿਲਾਉਂਦੀ
'ਪ੍ਰੇਮ-ਸਵੈਪਨਾ' ਵਿਚ ਤਾਰੀਆਂ ਲਾਉਂਦੀ
'ਪਿਆਰ-ਹਠਕੇਲੀਆਂ' ਕਰਦੀ
'ਪ੍ਰਕਾਸ਼-ਮਈ'
'ਜੀਉਂਦੀ-ਜਾਗਦੀ'
'ਗੱਜਦੀ-ਵਜਦੀ'

ਜੀਵਨ-ਰੌਂ ਅਥਵਾ 'ਸਬਦ ਪ੍ਰਕਾਸ਼' ਦੀ 'ਆਤਮ-ਸ਼ਕਤੀ' ਹੈ, ਜੋ—

ਅਸਚਰਜ ਰੂਪ ਹੈ
ਬਿਸਮਾਦ ਰੂਪ ਹੈ
ਅਦਭੁਤ ਰੂਪ ਹੈ
ਰਸ-ਰੂਪ ਹੈ
ਰੰਗ-ਰੂਪ ਹੈ

ਅਨਦ ਬਿਨੋਦੀ ਹੈ
ਪ੍ਰੇਮ ਸਰੂਪ ਹੈ
ਦਿਆਲ ਸਰੂਪ ਹੈ
ਭਗਤ-ਵਛਲ ਹੈ
'ਅੰਤ੍ਰਜਾਮੀ' ਹੈ
'ਸਬਦ-ਗੁਰੂ' ਹੈ
'ਗੁਰ-ਮੂਰਤ' ਹੈ
'ਵਾਹੁ-ਵਾਹੁ' ਹੈ
ਗੁਪਤ 'ਨਾਮ' ਹੈ
'ਅੰਮ੍ਰਿਤ' ਹੈ।

ਪਰ—ਐਸੇ 'ਅਸਚਰਜੋ-ਅਸਚਰਜ', ਵਿਸਮਾਦੀ 'ਸਬਦ-ਗੁਰੂ' ਨੂੰ—

ਵੇਖਣ ਵਾਲੀ 'ਅੱਖ' ਨਹੀਂ,
ਪਹਿਚਾਨਣ ਵਾਲੀ 'ਬਿਬੇਕ-ਬੁੱਧੀ' ਨਹੀਂ,
ਬੁਝਣ ਵਾਲਾ 'ਤਤ-ਗਿਆਨ' ਨਹੀਂ,
ਚੀਨਣ ਵਾਲਾ 'ਅਨੁਭਵ' ਨਹੀਂ,
ਮਾਨਣ ਵਾਲਾ 'ਹਿਰਦਾ' ਨਹੀਂ,
ਆਪਾ ਵਾਰਨ ਵਾਲੀ 'ਸ਼ਰਧਾ' ਨਹੀਂ,
ਇਲਾਹੀ ਦਾਤ ਲਈ 'ਭਾਂਡਾ' ਨਹੀਂ,
ਅਨਹਦ-ਧੁਨੀ 'ਸੁਨਣ' ਵਾਲੇ ਕੰਨ ਨਹੀਂ,
ਬਿਸਮਾਦ ਹੋਣ ਵਾਲੀ 'ਭਾਵਨਾ' ਨਹੀਂ,
'ਪ੍ਰਿਮ-ਰਸ' ਮਾਨਣ ਵਾਲੀ 'ਸਵੈਪਨਾ' ਨਹੀਂ।

ਹਾਂ ਜੀ, ਐਸੇ 'ਅਨਹਦ-ਸਬਦ', 'ਤਤ-ਸਬਦ', 'ਸੱਚ-ਸਬਦ', 'ਏਕ-ਸਬਦ' ਦੀ ਅਪਾਰ ਵਡਿਆਈ ਨੂੰ, ਗੁਰਬਾਣੀ ਦੀ ਰੋਸ਼ਨੀ ਵਿਚ ਇਉਂ ਦਰਸਾਇਆ ਗਿਆ ਹੈ :—

'ਆਤਮ ਪ੍ਰਕਾਸ਼' ਹੈ
'ਗੁਪਤ-ਨਾਮ' ਹੈ
'ਅਨਹਦ ਬਾਣੀ' ਹੈ
'ਅਨਹਦ ਰਾਗ' ਹੈ
'ਅਨਹਦ ਨਾਦ' ਹੈ

‘ਅਨਹਦ ਧੁਨੀ’ ਹੈ
ਅਨਹਦ ਲਹਿਰਾਂ ਹਨ
ਅਨਹਦ ਤਰੰਗਾਂ ਹਨ
ਤਰੰਗਾਂ ਦੀ ‘ਰੁਣ-ਝੁਣ’ ਹੈ
ਪਿਆਰ ਦੀ ‘ਥਰ-ਕੰਬਣੀ’ ਹੈ
‘ਪ੍ਰੇਮ-ਸਵੈਪਨਾ’ ਹੈ
‘ਪ੍ਰਿਮ-ਪਿਆਲਾ’ ਹੈ
‘ਪ੍ਰੇਮ-ਪਦਾਰਥ’ ਹੈ
‘ਚੁਪ-ਪ੍ਰੀਤ’ ਹੈ
‘ਚੁਪ-ਮੰਡਲ’ ਹੈ

ਅਜਲ ਦੇ ‘ਚੁਪ-ਸੁਨੇਹੜੇ’ ਹਨ

ਅਬੋਲ ਬੋਲੀ ਹੈ
‘ਰਵਿ-ਰਹਿਆ-ਭਰਪੂਰ’ ਹੈ
‘ਅਨਹਦ ਝੁਣਕਾਰ’ ਹੈ
‘ਆਤਮ ਹਿੰਡੋਲਾ’ ਹੈ
‘ਚੁਪ-ਗਿੜਾਂਊਂ’ ਹੈ
‘ਚੁਪ-ਗਰਜ’ ਹੈ
ਗੁਪਤ ‘ਲੇਵਾ-ਦੇਵੀ’ ਹੈ
ਗੁਪਤ ‘ਵਣਜ-ਵਪਾਰ’ ਹੈ
‘ਅਣਮੜਿਆ ਮੰਦਲ’ ਵੱਜਦਾ ਹੈ
‘ਬਿਨ ਵਜਾਇ ਕਿੰਗਰੀ’ ਵੱਜਦੀ ਹੈ
ਆਤਮ-ਰਸ ਦਾ ‘ਵਾ-ਵਰੋਲਾ’ ਹੈ।

ਆਤਮ ‘ਮੌਜ’ ਹੈ
‘ਮਹਾਂ ਅਨੰਦ’ ਹੈ
‘ਜੀਵਨ-ਦਾਤਾ’ ਹੈ
‘ਪਰਮ-ਤਤ’ ਹੈ
‘ਆਤਮ ਜੋਤ’ ਹੈ
‘ਗੁਪਤ ਨਾਮ’ ਹੈ
‘ਅੰਮ੍ਰਿਤ’ ਹੈ

'ਗੁਰੂ' ਹੈ,

ਅਤੇ ਇਹ 'ਤਤ-ਸਬਦ' ਹੀ—

ਰਸ ਭਿਨਵੀ 'ਝਰਨਾਹਟ' ਹੈ
'ਦਾਮਨੀ ਜੋਤ' ਹੈ
'ਨਿਰੰਜਨੀ ਜੋਤ' ਹੈ
'ਚਰਨ ਕਮਲ ਕੀ ਮੌਜ' ਹੈ
'ਚੁੰਬਕੀ ਖਿਚ' ਹੈ
'ਜੀਵਨ ਰੂਪ' ਹੈ
'ਸਚਾ ਨੀਸਾਣ' ਹੈ
'ਸੁਖ ਸਾਗਰ' ਹੈ
'ਦੁਖ-ਭੰਜਨ' ਹੈ
'ਭੈ-ਭੰਜਨ' ਹੈ
'ਭਰਮ ਕਾਟਨਹਾਰ' ਹੈ
'ਹਨੇਰ ਬਿਨਾਸਨ' ਹੈ
'ਜਮ ਬਿਦਾਰਨਹਾਰ' ਹੈ
'ਕਰਮ' ਮੇਟਨਹਾਰ ਹੈ
'ਆਵਾ-ਗਵਨ' ਮਿਟਾਵਨਹਾਰ ਹੈ
'ਲਕਟੀ ਟੋਹਣੀ' ਹੈ
'ਖੇਂਦ-ਖੁਮਾਰੀ' ਹੈ
'ਲਾਲ-ਅਮੋਲਾ' ਹੈ
'ਮਿਠੀ ਆਤਮਿਕ ਕੰਬਣੀ' ਹੈ
ਬਬੀਹੇ ਦੀ 'ਸ੍ਵਾਂਤੀ ਬੂੰਦ' ਹੈ
'ਸਦ-ਹੁਣ' ਹੈ
ਨਿਤ 'ਨਵਾਂ-ਨਵੇਲਾ' ਹੈ
'ਪ੍ਰੇਮ-ਪੁਰਖ' ਹੈ
'ਪ੍ਰੇਮ-ਪਦਾਰਥ' ਹੈ
'ਅਤਿ-ਪ੍ਰੀਤਮ' ਹੈ
'ਮਨ ਮੋਹਣਾ' ਹੈ
'ਘਟ ਸੋਹਣਾ' ਹੈ

‘ਮੂਲ ਪ੍ਰਕਿਰਤੀ’ ਹੈ
ਮਰ-ਜੀਵੜਿਆਂ ਦਾ ‘ਦੇਸ਼’ ਹੈ
‘ਸਰਬ-ਰਹਿਆ-ਭਰਪੂਰ’ ਹੈ
‘ਸਰਬ ਕਲਾ ਸਮਰਥ’ ਹੈ
‘ਚੋਜ ਵਿਡਾਣਾ’ ਹੈ
‘ਸਦ ਬਖਸਿੰਦ ਸਦਾ ਮਿਹਰਵਾਨਾ’ ਹੈ
‘ਅਉਗੁਣ ਕੋ ਨ ਚਿਤਾਰਦਾ’ ਹੈ
ਵਡ ‘ਦਾਤਾ’ ਹੈ
ਆਤਮ ਮੰਡਲ ਦਾ ਸੁਹਾਵਣਾ ਠੰਡਾ ‘ਬੁੱਲਾ’ ਹੈ
ਆਤਮ ਮੰਡਲ ਦਾ ‘ਪਹੁ-ਫੁਟਾਲਾ’ ਹੈ
ਆਤਮ ਮੰਡਲ ਦੀ ਨਿਰਮਲ ‘ਸ਼ਬਨਮ’ ਹੈ
ਆਤਮ ਮੰਡਲ ਦਾ ‘ਸੱਜਰਾ-ਪਣ’ ਹੈ
ਆਤਮ ਮੰਡਲ ਦੀ ‘ਸਤ-ਰੰਗੀ-ਪੀਂਘ’ ਹੈ।

(ਸਮਾਪਤ)